# ਫ਼ਾਈਜ਼ਰ/ ਬਾਇਉਐਨਟੈਕ ਅਤੇ ਮਾਡਰਨਾ ਕੋਵਿਡ-19 ਵੈਕਸੀਨਜ਼ ਵਿੱਚ ਕੀ ਫ਼ਰਕ ਹੈ?

7 ਜੂਨ, 2021

**ਫ਼ਾਈਜ਼ਰ/ ਬਾਇਉਐਨਟੈਕ ਅਤੇ ਮਾਡਰਨਾ ਕੋਵਿਡ-19 ਵੈਕਸੀਨਜ਼ ਬੁਨਿਆਦੀ ਤੌਰ ਤੇ ਇੱਕੋ-ਜਿਹੇ ਹਨ-ਦੋਵੇਂ ਬਹੁਤ ਪ੍ਰਭਾਵੀ, ਸੁਰੱਖਿਅਤ, ਅਤੇ ਚੰਗੀ ਤਰ੍ਹਾਂ ਅਧਿਐਨਸ਼ੁਦਾ ਹਨ।**



## ਮਾਡਰਨਾ ਅਤੇ ਫ਼ਾਈਜ਼ਰ/ਬਾਇਉਐਨਟੈਕ ਵੈਕਸੀਨ ਬੁਨਿਆਦੀ ਤੌਰ ਤੇ ਦੋ ਵੱਖ ਵੱਖ ਕੰਪਨੀਆਂ ਵੱਲੋਂ ਤਿਆਰ ਕੀਤੇ ਗਏ ਇੱਕ-ਜਿਹੇ ਪ੍ਰਾਡਕਟ ਹਨ।

ਇਹ ਇੱਕ ਤਰ੍ਹਾਂ ਨਾਲ ਪਾਣੀ ਦੇ ਦੋ ਵੱਖ-ਵੱਖ ਬਰੈਂਡ ਵਾਲੀਆਂ ਬੋਤਲਾਂ ਵਾਂਗ ਹਨ-ਵੱਖ ਵੱਖ ਕੰਪਨੀਆਂ ਵੱਲੋਂ ਪੈਕ ਕੀਤਾ ਇੱਕੋ ਪ੍ਰਾਡਕਟ।



## ਦੋਵੇਂ ਵੈਕਸੀਨ ਇੱਕੋ-ਜਿਹੇ ਢੰਗ ਨਾਲ ਕੰਮ ਕਰਦੇ ਹਨ ਅਤੇ ਦੋਨੋਂ ਹੀ ਐਮਆਰਐਨਏ ((mRNA)) ਵੈਕਸੀਨ ਹਨ।

ਇਹ ਦੋਵੇਂ ਹੀ ਤੁਹਾਡੇ ਸਰੀਰ ਦੇ ਇਮੀਊਨ ਸਿਸਟਿਮ ਨੂੰ ਐਮਆਰਐਨਏ (mRNA) ਕੋਵਿਡ-19 ਵਾਇਰਸ ਨਾਲ ਲੜਨਾ ਸਿਖਾਉਂਦੇ ਹਨ ਤਾਂ ਜੋ, ਭਵਿੱਖ ਵਿੱਚ, ਜੇ ਅਸਲ ਵਾਇਰਸ ਤੁਹਾਡੇ ਸਰੀਰ ਅੰਦਰ ਦਾਖ਼ਲ ਹੋ ਜਾਵੇ ਤਾਂ ਇਸ ਤਰ੍ਹਾਂ ਪੈਦਾ ਹੋਈ ਇਨਫੈਕਸ਼ਨ ਨਾਲ ਤੁਸੀਂ ਲੜ ਸਕੋ। ਵੈਕਸੀਨਾਂ ਵਾਇਰਸ ਨੂੰ ਥਮਦੀਆਂ ਨਹੀਂ।



## ਦੋਵੇਂ ਵੇਕਸੀਨਾਂ ਕੋਵਿਡ ਬਿਮਾਰੀ ਵਿਰੁੱਧ ਸੁਰੱਖਿਅਤ ਕਰਨ ਵਿੱਚ ਬਹੁਤ ਪ੍ਰਭਾਵਸ਼ਾਲੀ ਹਨ।

ਅਹਿਮ ਵਿਗਿਅਨਕ ਅਧਿਐਨਾਂ ਵਿੱਚ, ਦੋ ਡੋਜ਼ ਲਗਵਾਉਣ ਪਿਛੋਂ ਦੋਵੇਂ ਵੈਕਸੀਨਾਂ ਕੋਵਿਡ ਨੂੰ ਰੋਕਣ ਵਿੱਚ 95% ਪ੍ਰਭਾਵੀ ਸਾਬਤ ਹੋਈਆਂ ਹਨ।

ਅਧਿਐਨ ਦੱਸਦੇ ਹਨ ਕਿ ਇਨਫੈਕਸ਼ਨ ਵਾਲੇ ਵਿਅਕਤੀ ਨੂੰ ਟੀਕਾ ਲਗਵਾਉਣ ਪਿੱਛੋਂ ਕੋਵਿਡ ਨਾਲ ਸੰਬੰਧਤ ਹਸਪਤਾਲ ਵਿੱਚ ਦਾਖ਼ਲੇ ਜਾਂ ਬਹੁਤ ਹੀ ਵਿਰਲੀ ਸੂਰਤ ਵਿੱਚ ਮੌਤ ਰੋਕਣ ਵਿੱਚ ਦੋਵੇਂ ਹੀ ਬਹੁਤ ਪ੍ਰਭਾਵੀ ਸਾਬਤ ਹੋਈਆਂ ਹਨ।



## ਦੋਹਾਂ ਵੈਕਸੀਨਾਂ ਦੇ ਇੱਕੋ-ਜਿਹੇ ਮੰਦੇ ਅਸਰ ਹੁੰਦੇ ਹਨ ਜਿਹੜੇ ਬਹੁਤ ਹਲ਼ਕੇ ਅਤੇ ਆਰਜ਼ੀ ਹੁੰਦੇ ਹਨ।

ਬਹੁਤ ਆਮ ਸੰਭਾਵੀ ਮੰਦੇ ਅਸਰਾਂ ਵਿੱਚ ਟੀਕੇ ਵਾਲੀ ਜਗ੍ਹਾ ਵਾਲੇ ਮੋਢੇ/ਬਾਂਹ ਵਿੱਚ ਦਰਦ, ਸਰੀਰ ਜਾਂ ਮਾਸ ਪੇਸ਼ੀ ਦੀ ਦਰਦ, ਸਰਦੀ, ਥਕੇਵਾਂ ਜਾਂ ਕੋਸਾ ਮਹਿਸੂਸ ਹੁੰਦਾ ਹੈ। ਇਹ ਮੰਦੇ ਅਸਰ ਇੱਕ ਤੋਂ ਤਿੰਨ ਦਿਨਾਂ ਵਿੱਚ ਠੀਕ ਹੋ ਜਾਂਦੇ ਹਨ।

ਇਨ੍ਹਾਂ ਵਿੱਚੋਂ ਕੋਈ ਵੀ ਵੈਕਸੀਨ ਤੁਹਾਡੇ ਗਰਭ 'ਤੇ ਜਾਂ ਤੁਹਾਡੇ ਵੱਲੋਂ ਬੱਚੇ ਪੈਦਾ ਕਰਨ ਦੀ ਯੋਗਤਾ 'ਤੇ ਮਾੜਾ ਅਸਰ ਨਹੀਂ ਪਾਉਂਦੀ।

ਦੋਵੇਂ ਵੈਕਸੀਨਾਂ ਬਾਂਹ ਦੇ ਉੱਪਰਲੇ ਹਿੱਸੇ ਵਿੱਚ ਟੀਕਾ ਲਗਾ ਕੇ ਦਿੱਤੀਆਂ ਜਾਂਦੀਆਂ ਹਨ।– ਇਹ ਅਮਲ ਤੇਜ਼ੀ ਨਾਲ ਤੇ ਬਿਨਾ ਬੇਅਰਾਮੀ ਨਾਲ ਕੀਤਾ ਜਾਂਦਾ ਹੈ। ਇੱਕ ਵੈਕਸੀਨ ਦੂਜੀ ਨਾਲੋਂ ਵੱਧ ਦਰਦ ਨਹੀਂ ਕਰਦੀ।



## ਵੈਕਸੀਨ ਵਾਲੀਆਂ ਥਾਵਾਂ ਅਤੇ ਕਲੀਨਿਕ ਇਨ੍ਹਾਂ ਵਿੱਚੋਂ ਇੱਕ ਵੈਕਸੀਨ ਹਾਸਲ ਕਰਦੇ ਹਨ , ਨਿਰਭਰ ਇਸ ਤੇ ਕਰਦਾ ਹੈ ਕਿ ਇਨ੍ਹਾਂ ਵਿੱਚੋਂ ਕਿਹੜੀ ਉਪਲਬਧ ਹੈ।

ਕੈਨੇਡਾ ਵਿੱਚ ਹਰੇਕ ਵੈਕਸੀਨ ਦੀ ਡਲਿਵਰੀ ਵਿੱਚ ਹਫ਼ਤੇ-ਬ-ਹਫ਼ਤੇ ਫ਼ਰਕ ਪੈ ਸਕਦਾ ਹੈ।

ਫ਼ਾਈਜ਼ਰ/ ਬਾਇਉਐਨਟੈਕ ਅਤੇ ਮਾਡਰਨਾ ਵੈਕਸੀਨਾਂ ਬਰਾਬਰ ਪ੍ਰਭਾਵਸ਼ਾਲੀ ਹਨ। ਜਾਣਦਿਆਂ ਹੋਇਆਂ ਕਿ ਦੋਵੇਂ ਤੁਹਾਡੀ ਅਤੇ ਅਜਿਹੇ ਲੋਕ ਜਿੰਨ੍ਹਾਂ ਨੂੰ ਤੁਸੀਂ ਪਿਆਰ ਕਰਦੇ ਹੋ, ਦੀ ਕੋਵਿਡ-19 ਤੋਂ ਬਿਮਾਰ ਹੋਣ ਤੋਂ ਸੁਰੱਖਿਆ ਕਰਨਗੀਆਂ ਇਨ੍ਹਾਂ ਵਿੱਚੋਂ ਜਿਹੜੀ ਵੀ ਤੁਹਾਨੂੰ ਦਿੱਤੀ ਜਾਂਦੀ ਹੈ ਉਹ ਲੈ ਲਓ।



ਅਸੀਂ ਆਸ ਕਰਦੇ ਹਾਂ ਕਿ ਤੁਹਾਨੂੰ ਇਹ ਬੁਲੇਟਿਨ ਲਾਭਦਾਇਕ ਲੱਗੇਗਾ! ਅਸੀਂ ਤੁਹਾਨੂੰ ਇਸ ਨੂੰ ਵਿਆਪਕ ਤੌਰ ਤੇ ਸਾਂਝਾ ਕਰਨ ਲਈ ਸੱਦਾ ਦਿੰਦੇ ਹਾਂ, ਇਸ ਨੂੰ ਸਕ੍ਰਿਪਟ ਦੇ ਤੌਰ ਤੇ ਆਡੀਓ ਜਾਂ ਵਿਡੀਓ ਫਾਈਲ ਨੂੰ ਰਿਕਾਰਡ ਕਰਨ ਲਈ ਇਸਤੇਮਾਲ ਕਰੋ, ਜਾਂ ਦੂਜਿਆਂ ਨਾਲ ਸਾਂਝਾ ਕਰਨ ਲਈ ਇਸ ਨੂੰ ਹੋਰ ਭਾਸ਼ਾਵਾਂ ਵਿੱਚ ਅਨੁਵਾਦ ਕਰੋ।

ਕਿਰਪਾ ਕਰਕੇ ਸਰੋਤ ਦੇਣਾ ਨਿਸ਼ਚਤ ਕਰੋ: ਵੂਮੈਨਜ਼ ਕਾਲਜ ਹਸਪਤਾਲ, ਓਕਾਸੀ (OCASI), ਟਾਇਬੂ ਕਮਿਊਨਿਟੀ ਹੈਲਥ ਸੈਂਟਰ ਅਤੇ ਰਫਿਊਜੀ 613।

*7 ਜੂਨ, 2021 ਤੱਕ ਦਰੁੱਸਤ*

ਇਸ ਬੁਲੇਟਿਨ ਵਿਚ ਦਿੱਤੀ ਜਾਣਕਾਰੀ ਨੂੰ ਕੈਨੇਡੀਅਨ ਡਾਕਟਰਾਂ ਦੁਆਰਾ ਪ੍ਰਮਾਣਿਤ ਕੀਤਾ ਗਿਆ ਹੈ: ਮੇਬ ਰਾਸ਼ਿਦ ਐਮ.ਡੀ., ਸਹਾਇਕ ਪ੍ਰੋਫੈਸਰ, ਯੂਨੀਵਰਸਿਟੀ ਆਫ ਟੋਰਾਂਟੋ; ਵੈਨੇਸਾ ਰੈਡਿਟ, ਐਮਡੀ, ਲੈਕਚਰਾਰ, ਯੂਨੀਵਰਸਿਟੀ ਆਫ ਟੋਰਾਂਟੋ; ਅਤੇ ਆਈਜ਼ੈਕ ਆਈ. ਬੋਗੋਚ, ਐਮਡੀ, ਐਸੋਸੀਏਟ ਪ੍ਰੋਫੈਸਰ, ਯੂਨੀਵਰਸਿਟੀ ਆਫ ਟੋਰਾਂਟੋ

{REFUGEE}613 TAIBU COMMUNITY HEALTH CENTRE OCASI Ontario Council of Agencies Serving Immigrants WCH WOMEN'S COLLEGE HOSPITAL Healthcare | REVOLUTIONIZED

Funded by: Immigration, Refugees and Citizenship Canada

Financé par : Immigration, Réfugiés et Citoyenneté Canada

With contributions from: pchs Serving Diverse Communities